**ਪ੍ਰਧਾਨ ਮੰਤਰੀ ਅਤੇ ਫਰਾਂਸ ਦੇ ਰਾਸ਼ਟਰਪਤੀ ਨੇ ਸੰਯੁਕਤ ਤੌਰ 'ਤੇ ITER ਫੈਸਿਲਿਟੀ ਦਾ ਦੌਰਾ ਕੀਤਾ (12 ਫਰਵਰੀ, 2025)**

12 ਫਰਵਰੀ, 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਇਮੈਨੁਅਲ ਮੈਕਰੋਨ ਨੇ ਅੱਜ ਕੈਡਾਰੈਚੇ ਵਿੱਚ ਸੰਯੁਕਤ ਤੌਰ 'ਤੇ ਅੰਤਰਰਾਸ਼ਟਰੀ ਥਰਮੋਨਿਊਕਲੀਅਰ ਐਕਸਪੈਰੀਮੈਂਟਲ ਰੀਐਕਟਰ [ITER] ਦਾ ਦੌਰਾ ਕੀਤਾ। ITER ਦੇ ਡਾਇਰੈਕਟਰ ਜਨਰਲ ਨੇ ਦੋਹਾਂ ਲੀਡਰਾਂ ਦਾ ਸਵਾਗਤ ਕੀਤਾ। ਇਹ ਕਿਸੇ ਵੀ ਦੇਖ ਦੇ ਪ੍ਰਮੁੱਖ ਜਾਂ ਸਰਕਾਰ ਦੇ ਮੁਖੀ ਵਲੋਂ ITER ਦਾ ਪਹਿਲਾ ਦੌਰਾ ਸੀ - ਜੋ ਅੱਜ ਦੁਨਿਆਭਰ ਵਿੱਚ ਸਭ ਤੋਂ ਮਹੱਤਵਪੂਰਨ ਫਿਊਜ਼ਨ ਐਨਰਜੀ ਪ੍ਰੋਜੈਕਟਾਂ ਵਿੱਚੋਂ ਇੱਕ ਹੈ।

2. ਦੌਰੇ ਦੌਰਾਨ, ਲੀਡਰਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਟੋਕਾਮਾਕ ਦੀ ਅਸੈਂਬਲੀ ਸਮੇਤ ITER ਦੀ ਪ੍ਰਗਤੀ ਦੀ ਸ਼ਲਾਘਾ ਕੀਤੀ, ਜਿੱਥੇ ਪਲਾਜ਼ਮਾ ਨੂੰ ਬਣਾ ਕੇ, ਧਾਰਨ ਕਰਕੇ ਅਤੇ ਨਿਯੰਤਰਿਤ ਕਰਕੇ ਆਖਰਕਾਰ 500 ਮੈਗਾਵਾਟ ਫਿਊਜ਼ਨ ਐਨਰਜੀ ਦਾ ਉਤਪਾਦਨ ਕੀਤਾ ਜਾਵੇਗਾ। ਲੀਡਰਾਂ ਨੇ ਪ੍ਰੋਜੈਕਟ 'ਤੇ ਕੰਮ ਕਰਨ ਵਾਲੇ ITER ਇੰਜੀਨੀਅਰਾਂ ਅਤੇ ਵਿਗਿਆਨੀਆਂ ਦੇ ਸਮਰਪਣ ਦੀ ਵੀ ਸ਼ਲਾਘਾ ਕੀਤੀ।

3. ਭਾਰਤ ਪਿਛਲੇ ਦੋ ਦਹਾਕਿਆਂ ਤੋਂ ਪ੍ਰੋਜੈਕਟ ਵਿੱਚ ਯੋਗਦਾਨ ਪਾਉਣ ਵਾਲੇ ਸੱਤ ITER ਸਦੱਸਾਂ ਵਿੱਚੋਂ ਇੱਕ ਹੈ। ਲਗਭਗ 200 ਭਾਰਤੀ ਵਿਗਿਆਨੀਆਂ ਅਤੇ ਸਹਿਯੋਗੀਆਂ ਦੇ ਨਾਲ-ਨਾਲ L&T, ਆਈਨੌਂਕਸ ਇੰਡੀਆ, TCS, TCE, HCL ਟੈਕਨੋਲੋਜੀਸ ਵਰਗੇ ਉੱਘੇ ਉਦਯੋਗ ਖਿਡਾਰੀ ITER ਪ੍ਰੋਜੈਕਟ ਵਿੱਚ ਸ਼ਾਮਲ ਹਨ।

ਮਾਰਸਿਲੇ

12 ਫਰਵਰੀ, 2025